2023/2567
6/1/2023


**ADDL. CHIEF ADMINISTRATOR-CUM-ELECTORAL REGISTRATION OFFICER**
**-093-BATHINDA(RURAL)(SC), Zila Parshid Bhawan, 2nd Floor,**
**Cabin No.213-214 BATHINDA**
**Phone/Fax No. 0164-2241949**
**email:: erobathindarural93@gmail.com**


ਜ਼ਿੰਮੇਵਾਰ ਬਣੋ, ਵੋਟਰ ਬਣੋ ਜ਼ਿੰਮੇਵਾਰ ਬਣੋ, ਵੋਟਰ ਬਣੋ

ਨੰਬਰ ਚਸ/2023/ 354 ਮਿਤੀ 5/1/2023

ਵੱਲ

1. ਜ਼ਿਲਾ ਸਿੱਖਿਆ ਅਫਸਰ(ਸੈਕੰਡਰੀ) ਬਠਿੰਡਾ।
2. ਜ਼ਿਲਾ ਸਿੱਖਿਆ ਅਫਸਰ(ਐਲੀ ਸਿ)ਬਠਿੰਡਾ।
3. ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।
4. ਕੈਂਪਸ ਡਾਇਰੈਕਟਰ, ਪੀ ਟੀ ਯੂ ਗਿਆਨੀ ਜ਼ੈਲ ਸਿੰਘ ਇੰਜਨੀਅਰਿੰਗ,ਬਠਿੰਡਾ
5. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ , ਸੰਗਤ, ਗੋਨਿਆਣਾ ਤੇ ਫੂਲ
6. ਕਾਰਜਕਾਰੀ ਇੰਜਨੀਅਰ, ਪੰਜਾਬ ਵ/ਸ ਐਂਡ ਸੈਨੀਟੇਸ਼ਨ ਡਵੀਜਨ ਨੰਬਰ 1,2 ਅਤੇ 3 ਬਠਿੰਡਾ
7. ਡਵੀਜ਼ਨਲ ਇੰਜਨੀਅਰ, ਪੀ ਐਸ ਟੀ ਸੀ ਡਵੀਜਨ ਨੰਬਰ 7 ਅਤੇ 8 ਬਠਿੰਡਾ।
8. ਕਾਰਜਕਾਰੀ ਇੰਜਨੀਅਰ, ਲੋਕ ਨਿਰਮਾਣ ਵਿਭਾਗ( ਬ ਤੇ ਮ) ਉਸਾਰੀ ਮੰਡਲ ਨੰਬਰ 1 ਬਠਿੰਡਾ
9. ਕਾਰਜਕਾਰੀ ਇੰਜਨੀਅਰ, ਲੋਕ ਨਿਰਮਾਣ ਵਿਭਾਗ( ਬ ਤੇ ਮ) ਮਕੈਨੀਕਲ ਡਵੀਜਨ ਬਠਿੰਡਾ
10. ਪ੍ਰਿੰਸੀਪਲ, ਡਾਈਟ ਦਿਉਣ
11. ਮੁੱਖ ਖੇਤੀਬਾੜੀ ਅਫਸਰ, ਬਠਿੰਡਾ।
12. ਸੀਨੀਅਰ ਮੈਡੀਕਲ ਅਫਸਰ ਸੰਗਤ , ਤਲਵੰਡੀ ਸਾਬੋ ਅਤੇ ਗੋਨਿਆਣਾ ਮੰਡੀ।
13. ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਬਠਿੰਡਾ।
14. ਕਾਰਜਕਾਰੀ ਇੰਜਨੀਅਰ, ਬਠਿੰਡਾ ਨਹਿਰ ਮੰਡਲ ਬਠਿੰਡਾ
15. ਸੀਨੀਅਰ ਐਨਾਲਿਸਟ, ਭੂਮੀ ਪ੍ਰਯੋਗਸ਼ਾਲਾ, ਬਠਿੰਡਾ।
16. ਡਿਪਟੀ ਡਾਇਰੈਕਟਰ, ਸਥਾਨਿਕ ਸਰਕਾਰ, ਬਠਿੰਡਾ
17. ਕਾਰਜ ਸਾਧਕ ਅਫਸਰ, ਨਗਰ ਕੌਂਸਲ ਸੰਗਤ
18. ਕਾਰਜਕਾਰੀ ਇੰਜਨੀਅਰ, ਪੰਜਾਬ ਮੰਡੀ ਬੋਰਡ, ਬਠਿੰਡਾ
19. ਸਕੱਤਰ ਮਾਰਕੀਟ ਕਮੇਟੀ ਗੋਨਿਆਣਾ।
20. ਡਾਇਰੈਕਟਰ ਰਿਸਰਚ ਸੈਂਟਰ, ਪੀ ਏ ਯੂ ਬਠਿੰਡਾ।
21. ਨਿਗਰਾਨ ਇੰਜਨੀਅਰ, ਪੰਜਾਬ ਵ/ਸ ਐਂਡ ਸੈਨੀਟੇਸ਼ਨ ਸਰਕਲ।ਬਠਿੰਡਾ
22. ਪ੍ਰਿੰਸੀਪਲ, ਆਈ ਟੀ ਆਈ ਬਠਿੰਡਾ।
23. ਸਮੂਹ ਸੁਪਰਵਾਈਜ਼ਰ 093 ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ।

**ਵਿਸ਼ਾ: ਮਿਤੀ 1-1-2023 ਨੂੰ ਯੋਗਤਾ ਮਿਤੀ ਦੇ ਆਧਾਰ ਤੇ ਵੋਟਰ ਸੂਚੀਆਂ ਦੀ ਸੁਧਾਈ।**

ਉਪਰੋਕਤ ਵਿਸ਼ੇ ਤੇ ਭਾਰਤ ਚੋਣ ਕਮਿਸ਼ਨ, ਨਵੀਂ ਦਿਲੀ ਅਤੇ ਮੁੱਖ ਚੋਣ ਅਫਸ.ਪੰਜਾਬ ਦੇ ਪਤਰ ਨੰਬਰ ਚੋਣ62022/401,ਮਿਤੀ 26-7-2022 ਦੀਆਂ ਹਦਾਇਤਾਂ ਅਨੁਸਾਰ ਮਿਤੀ 1-1-2023 ਨੂੰ ਯੋਗਤਾ ਮਿਤੀ ਦੇ ਆਧਾਰ ਤੇ 093 ਬਠਿੰਡਾ(ਦਿਹਾਤੀ) ਵਿਧਾਨ ਸਭਾ ਹਲਕੇ ਲਈ ਮਿਤੀ 04-08-2022 ਤੋਂ ਬੀ ਐਲ ਓਜ਼ ਵਲੋਂ **ਘਰ-ਘਰ ਵਿਜਟ ਕਰਕੇ** ਵੋਟਰ ਸੂਚੀ ਨੂੰ ਗਰੁੜ ਐਪ 'ਤੇ ਆਧਾਰ ਕਾਰਡ ਨਾਲ ਲਿੰਕ **ਕੀਤਾ ਜਾਣਾ ਹੈ।**

**ਇਸ ਤੋਂ ਇਲਾਵਾ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2023 ਨੂੰ ਯੋਗਤਾ ਦੇ ਅਧਾਰ ਤੇ ਜਿਨਾ ਵੋਟਰਾਂ ਦੀ ਮਿਤੀ 01.04.2023, 01.07.2023 ਅਤੇ 01.10.2023 ਨੂੰ 18 ਸਾਲ ਦੀ ਉਮਰ ਹੋ ਗਈ ਹੋਵੇ ਉਹ ਵੋਟਰ ਆਪਣਾ ਨਾਮ ਵੋਟਰ ਸੂਚੀ ਵਿਚ ਦਰਜ ਕਰਨ ਲਈ ਫਾਰਮ ਨੰਬਰ 6 ਅਪਲਾਈ ਕਰ ਸਕਦਾ ਹੈ। ਵੋਟਰ ਸੂਚੀਆਂ ਦੀ ਸਪੈਸ਼ਲ ਸਮਰੀ ਰਵੀਜਨ ਦਾ ਕੰਮ ਵੀ ਮਿਤੀ 09.11.22 ਤੋਂ ਲੈ ਕੇ 08.12.22 ਤੱਕ ਸ਼ੁਰੂ ਹੋ ਰਿਹਾ ਹੈ। ਜਿਸ ਦੌਰਾਨ ਸਮੂਹ ਬੀ.ਐਲ.ਓ ਵੱਲੋਂ ਮਿਤੀ 07.01.2023 ਅਤੇ 08.01.2023 ਨੂੰ ਆਪੋ ਆਪਣੇ ਪੋਲਿੰਗ ਬੂਥਾਂ ਤੇ ਬੈਠ ਕੇ ਵੋਟਰਾਂ ਤੋਂ ਦਾਅਵੇ ਅਤੇ ਇਤਰਾਜ ਲਏ ਜਾਣੇ ਹਨ।**

**ਸੋ** ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀ, ਜਿਨਾਂ ਦੀ ਇਸ ਵਿਧਾਨ ਸਭਾ ਹਲਕੇ ਵਿਚ ਬਤੌਰ ਬੀ ਐਲ ਓ ਡਿਊਟੀ ਲੱਗੀ ਹੋਈ ਹੈ, ਨੂੰ ਲਿਖਤੀ ਰੂਪ ਵਿਚ ਹਦਾਇਤ ਕੀਤੀ ਜਾਵੇ ਕਿ ਉਹ **ਉਕਤ ਮਿਤੀਆਂ ਨੂੰ ਪੋਲਿੰਗ ਬੂਥਾਂ ਤੇ ਬੈਠ ਕੇ ਵੋਟਰਾਂ ਤੋਂ ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨ ਅਤੇ ਇਸ ਕੰਮ ਦੇ ਨਾਲ ਨਾਲ ਜੋ ਵੋਟਰਾਂ ਨਾਲ ਅਧਾਰ ਲਿੰਕ ਦਾ ਕੰਮ ਚੱਲ ਰਿਹਾ ਹੈ ਉਹ ਪਹਿਲਾਂ ਵਾਂਗ ਹੀ ਜਾਰੀ ਰਹੇਗਾ।**

**ਸੋ ਉਪਰੋਕਤ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਅਧੀਨ ਕੰਮ ਕਰ ਰਹੇ ਕਰਮਚਾਰੀ ਜਿਨ੍ਹਾ ਦੀ ਬਤੌਰ ਬੀ.ਐਲ.ਓ ਡਿਊਟੀ ਲੱਗੀ ਹੈ, ਨੂੰ ਮਿਤੀ 31.01.2023 ਤੱਕ ਹਰ ਹਫਤੇ ਵੀਰਵਾਰ ਅਤੇ ਸੁਕਰਵਾਰ ਚੋਣ ਡਿਊਟੀ ਦੇ ਕੰਮਾਂ ਲਈ ਦਫਤਰੀ ਕੰਮ ਤੋਂ ਫਾਰਗ ਕੀਤਾ ਜਾਵੇ ਅਤੇ ਇਸ ਸਬੰਧੀ ਹਦਾਇਤਾਂ ਸਮੂਹ ਸਕੂਲਾਂ ਦੇ ਮੁੱਖੀਆਂ ਨੂੰ ਪਾਲਣ ਹਿਤ ਤੁਰੰਤ ਭੇਜੀਆਂ ਜਾਣ, ਤਾਂ ਜੋ ਵੋਟਰ ਲਿੰਕ ਅਧਾਰ ਕਾਰਡ ਅਤੇ ਵੋਟਰ ਸੂਚੀਆਂ ਦਾ ਕੰਮ ਨਿਰਵਿਘਣ ਮੁਕੰਮਲ ਕੀਤਾ ਜਾ ਸਕੇ।**

ਇਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ **ਅਤੇ ਕਿਸੇ ਕਿਸਮ ਦੀ ਕੁਤਾਹੀ ਕਰਨ ਦੀ ਸੂਰਤ ਵਿੱਚ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਅਨੁਸ਼ਾਸ਼ਨੀ ਕਾਰਵਾਈ ਆਰੰਭੀ ਜਾਵੇਗੀ।**

ਚੋਣਕਾਰ ਰਜਿਸਟਰੇਸ਼ਨ ਅਫਸਰ
93-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ

ਪਿਠਅੰਕਣ ਨੰਬਰ ਚਸ/2023/ 355 ਮਿਤੀ 5/1/2023

ਇਸ ਦਾ ਇਕ ਉਤਾਰਾ ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾਂ ਹਿਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟਰੇਸ਼ਨ ਅਫਸਰ
93-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ
ਪਿੱਠਅੰਕਣ ਨੰ. ਈ.ਪੀ.1 (1)2023/185 ਮਿਤੀ: 06/01/23
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਤੱਕ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
6/1/23
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਬਠਿੰਡਾ।
ਜਾਰੀ